# ਸਰਜੀਕਲ ਡੇਅ ਕੇਅਰ ਵਿਚ ਆਉਣ ਵਾਲੇ ਮਰੀਜ਼ਾਂ ਲਈ ਹਿਦਾਇਤਾਂ
**(Instructions for Surgical Day Care Patients)**

**Punjabi**

**ਸਰਜਰੀ ਦੀ ਤਾਰੀਕ (Surgery Date):**

ਆਪਣੀ ਸਰਜਰੀ ਤੋਂ ਪਹਿਲਾਂ ਜੇ ਤੁਹਾਨੂੰ ਜ਼ੁਕਾਮ, ਬੁਖਾਰ ਹੋ ਜਾਵੇ ਜਾਂ ਤੁਸੀਂ ਬੀਮਾਰ ਹੋ ਜਾਵੋ ਤਾਂ ਕਿਰਪਾ ਕਰਕੇ ਜਿੰਨਾ ਵੀ ਛੇਤੀ ਹੋ ਸਕੇ ਆਪਣੇ ਸਰਜਨ ਦੇ ਦਫਤਰ ਨੂੰ ਫੋਨ ਕਰੋ।

**ਆਉਣ ਦਾ ਸਮਾਂ (Check-in Time):**

**ਆਪਣੀ ਸਰਜਰੀ ਦੀ ਤਾਰੀਕ ਤੋਂ ਪਹਿਲਾਂ ਦੇ ਇਕ ਕਾਰੋਬਾਰੀ ਦਿਨ**, ਆਪਣੇ ਸਰਜਨ ਦੇ ਦਫਤਰ ਨੂੰ ਫੋਨ ਕਰੋ ਜਾਂ ਤੁਹਾਡੇ ਸਰਜਨ ਦਾ ਦਫਤਰ ਤੁਹਾਨੂੰ ਆਉਣ ਦੇ ਸਮੇਂ ਬਾਰੇ ਦੱਸਣ ਲਈ ਫੋਨ ਕਰੇਗਾ।

## ਤੁਹਾਡੀ ਸਰਜਰੀ ਇਸ ਹਸਪਤਾਲ ਵਿਚ ਹੋਵੇਗੀ:

☐ **St. Paul's Hospital**

ਸਰਜੀਕਲ ਡੇਅਕੇਅਰ ਯੂਨਿਟ, ਪ੍ਰੌਵੀਡੈਂਸ ਬਿਲਡਿੰਗ,
ਤੀਜੀ ਮੰਜ਼ਲ, 1081 ਬੁਰਾਰਡ ਸਟਰੀਟ, ਵੈਨਕੂਵਰ, ਬੀ ਸੀ
ਟੈਲੀਫੋਨ: (604) 682-2344

☐ **Mount Saint Joseph Hospital**

ਸਰਜੀਕਲ ਡੇਅਕੇਅਰ ਯੂਨਿਟ, ਪਹਿਲੀ ਮੰਜ਼ਲ,
3080 ਪ੍ਰਿੰਸ ਐਡਵਰਡ ਸਟਰੀਟ, ਵੈਨਕੂਵਰ, ਬੀ ਸੀ
ਟੈਲੀਫੋਨ: (604) 874-1141

**ਦਵਾਈਆਂ ਬਾਰੇ ਹਿਦਾਇਤਾਂ:** ਕਿਰਪਾ ਕਰਕੇ ਤੁਹਾਡੇ ਸਰਜਨ ਦੇ ਦਫਤਰ ਵਲੋਂ ਦਿੱਤੀਆਂ ਗਈਆਂ ਵੱਖਰੀਆਂ ਹਿਦਾਇਤਾਂ ਦੇਖੋ। ਆਪਣੀ ਸਰਜਰੀ ਵਾਲੇ ਦਿਨ, ਆਪਣੀਆਂ ਸਾਰੀਆਂ ਦਵਾਈਆਂ ਉਨ੍ਹਾਂ ਦੀਆਂ ਅਸਲੀ ਸ਼ੀਸ਼ੀਆਂ ਵਿਚ ਹਸਪਤਾਲ ਨੂੰ ਲੈ ਕੇ ਆਉ।

**ਆਪਣੀ ਸਰਜਰੀ ਤੋਂ ਪਹਿਲਾਂ ਖਾਣ ਅਤੇ ਪੀਣ ਬਾਰੇ ਹਿਦਾਇਤਾਂ:** ਅੱਧੀ ਰਾਤ ਤੋਂ ਬਾਅਦ ਸ਼ਰਾਬ ਨਾ ਪੀਉ। ਤੁਸੀਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਦੇ 6 ਘੰਟਿਆਂ ਤੱਕ ਖਾਣਾ ਖਾ ਸਕਦੇ ਹੋ, ਪਰ ਇਸ ਤੋਂ ਬਾਅਦ ਬਿਲਕੁਲ ਨਹੀਂ। ਤੁਸੀਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਦੇ 2 ਘੰਟਿਆਂ ਤੱਕ ਸਾਫ ਤਰਲ (ਪਾਣੀ, ਸੇਬਾਂ ਦਾ ਜੂਸ ਜਾਂ ਕਰੇਨਬੇਰੀ ਜੂਸ) ਪੀ ਸਕਦੇ ਹੋ, ਫਿਰ ਬਿਲਕੁਲ ਨਾ ਪੀਉ।

### ਹਸਪਤਾਲ ਆਉਣ ਤੋਂ ਪਹਿਲਾਂ

ਪਹਿਲਾਂ ਦੀ ਰਾਤ ਨੂੰ ਜਾਂ ਸਵੇਰ ਨੂੰ:

- ਨਹਾਉ ਅਤੇ ਆਪਣੇ ਵਾਲ ਧੋਵੋ।
- ਸਾਰੇ ਗਹਿਣੇ, ਘੜੀਆਂ, ਅਤੇ ਕਾਂਟੇ ਲਾਹ ਦਿਉ ਜਿਨ੍ਹਾਂ ਵਿਚ ਜੀਭ ਵਿਚ ਪਾਏ ਹੋਏ ਸਟੱਡ ਵੀ ਸ਼ਾਮਲ ਹਨ।
- ਮੇਕ-ਅੱਪ, ਨਹੁੰ-ਪਾਲਸ਼, ਬਣਾਵਟੀ ਪਲਕਾਂ ਅਤੇ ਵਿੱਗਜ਼ ਜਾਂ ਨਕਲੀ ਵਾਲ ਲਾਹ ਦਿਉ।
- ਤੁਹਾਡੇ ਲਈ ਸਰਜਰੀ ਤੋਂ ਬਾਅਦ ਤੁਹਾਨੂੰ ਹਸਪਤਾਲ ਤੋਂ ਘਰ ਲਿਜਾਣ ਲਈ ਕਿਸੇ ਬਾਲਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ। ***ਜੇ ਤੁਹਾਨੂੰ ਲਿਜਾਣ ਲਈ ਤੁਹਾਡੇ ਕੋਲ ਕੋਈ ਨਾ ਹੋਵੇ ਤਾਂ ਤੁਹਾਡੀ ਸਰਜਰੀ ਕੈਂਸਲ ਕਰ ਦਿੱਤੀ ਜਾਵੇਗੀ। ਤੁਸੀਂ ਘਰ ਨੂੰ ਆਪਣੀ ਗੱਡੀ ਚਲਾ ਕੇ ਬਿਲਕੁਲ ਨਹੀਂ ਜਾ ਸਕਦੇ।***
- ਤੁਹਾਡੇ ਲਈ ਆਪਣੀ ਸਰਜਰੀ ਤੋਂ ਬਾਅਦ ਪਹਿਲੀ ਰਾਤ ਲਈ ਆਪਣੇ ਨਾਲ ਰਹਿਣ ਲਈ ਕਿਸੇ ਬਾਲਗ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ।

### ਹਸਪਤਾਲ ਨੂੰ ਕੀ ਲੈ ਕੇ ਆਉਣਾ ਹੈ

- ਆਪਣਾ ਕੇਅਰ ਕਾਰਡ (ਨਿੱਜੀ ਸਿਹਤ ਨੰਬਰ) ਜਾਂ ਬੀ ਸੀ ਸਰਵਿਸਿਜ਼ ਕਾਰਡ
- ਫੋਟੋ ਵਾਲਾ ਪਛਾਣ ਪੱਤਰ।
- ਅਸਲੀ ਸ਼ੀਸ਼ੀਆਂ ਵਿਚ ਆਪਣੀਆਂ ਦਵਾਈਆਂ, ਪੱਫਰਜ਼ (ਇਨਹੇਲਰਜ਼), ਇਨਸੂਲਿਨ, ਆਦਿ।
- ਆਪਣੀਆਂ ਐਨਕਾਂ, ਸੁਣਨ-ਯੰਤਰ, ਬਣਾਉਟੀ ਦੰਦ। ਕੌਨਟੈਕਟ ਲੈਂਜ਼ ਨਹੀਂ।

### ਇਹ ਚੀਜ਼ਾਂ ਨਾ ਲਿਆਉ:

- ਪੈਸੇ ਜਾਂ ਕਰੈਡਿਟ ਕਾਰਡ।
- ਗਹਿਣੇ।
- ਸੈਲੂਲਰ ਫੋਨ, ਪੇਜਰ, ਲੈਪਟੌਪ ਕੰਪਿਊਟਰ।

## ਘਰ ਨੂੰ ਜਾਣਾ

- ਇਹ ਯਾਦ ਰੱਖੋ ਕਿ ਕਿਸੇ ਬਾਲਗ ਨੇ ਤੁਹਾਨੂੰ ਚੁੱਕਣਾ ਹੈ।
- ਘਰ ਆਉਣ 'ਤੇ, ਕਿਰਪਾ ਕਰਕੇ ਉਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ ਜਿਹੜੀਆਂ ਅਸੀਂ ਤੁਹਾਨੂੰ ਦਿੱਤੀਆਂ ਹਨ।
- ਆਪਣੀ "ਸਰਜਰੀ ਤੋਂ ਬਾਅਦ" ਦੀ ਚੈੱਕ ਅੱਪ ਲਈ ਅਪੌਂਇੰਟਮੈਂਟ ਬਣਾਉਣ ਲਈ ਆਪਣੇ ਸਰਜਨ ਦੇ ਦਫਤਰ ਨੂੰ ਫੋਨ ਕਰੋ।
- ਸਰਜਰੀ ਤੋਂ ਬਾਅਦ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਰਪਾ ਕਰਕੇ ਆਪਣੇ ਸਰਜਨ ਦੇ ਦਫਤਰ ਨੂੰ ਫੋਨ ਕਰੋ।
- ਇਹ ਜਾਣੋ ਕਿ ਜੇ ਲੋੜ ਪਵੇ ਤਾਂ ਤੁਸੀਂ ਕਿਸੇ ਵੇਲੇ ਵੀ ਆਪਣੇ ਨੇੜੇ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾ ਸਕਦੇ ਹੋ।

## St. Paul's Hospital - Surgical Daycare Unit

Providence Building, 3rd Floor,
1081 Burrard St., Vancouver, BC
Telephone: (604) 682-2344




## Mount Saint Joseph Hospital

**Surgical Daycare Unit:** Ground Floor *(see map, below left)*
**Delia Tetreault Procedure Room:** First floor - use Kingsway entrance *(see map, below right)*
3080 Prince Edward St., Vancouver, BC
Telephone: (604) 874-1141







*Delia Tetreault Procedure Room Procedures include:* • *Eye Surgery* • *Cystoscopies* • *Minor Treatments*